# ਰਾਜ ਵਿਦਿਅਕ ਖ਼ੋਜ ਅਤੇ ਸਿਖ਼ਲਾਈ ਪ੍ਰੀਸ਼ਦ, ਪੰਜਾਬ।

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆਭਵਨ, ਬਲਾਕ-ਈ, ਛੇਵੀਂਮੰਜਿਲ, ਫੇਜ਼-8, ਐਸ.ਏ.ਐਸ.ਨਗਰ,ਮੋਹਾਲੀ,

ਈਮੇਲ: directorscert@punjabeducation.gov.in ਫੋਨ ਨੰ: 0172-2212221


2-2489716

ਵੱਲ

**ਅਤਿ ਜਰੂਰੀ/ਮਿਤੀ-ਬਧ**

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ
ਪੰਜਾਬ।

ਪੱਤਰ ਨੰਬਰ: E-673143-680039/SCERT/ASG/2024173116 ਮਿਤੀ: ਸਅਸ ਨਗਰ; 17.07.2024

**ਵਿਸ਼ਾ: ਅਕਾਦਮਿਕ ਸਹਾਇਤਾ ਸਮੂਹ (Academic Support Group) ਤਹਿਤ ਬਲਾਕ ਰਿਸੋਰਸ ਕੋਆਰਡੀਨੇਟਰ (ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ) ਲਗਾਉਣ ਸਬੰਧੀ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਅਕਾਦਮਿਕ ਸਹਾਇਤਾ ਸਮੂਹ ਤਹਿਤ 228 ਸਿੱਖਿਆ ਬਲਾਕਾਂ ਵਿੱਚ ਪ੍ਰਤੀ ਬਲਾਕ ਦੋ ਪ੍ਰਾਇਮਰੀ ਅਤੇ ਦੋ ਅਪਰ ਪ੍ਰਾਇਮਰੀ ਕੁੱਲ 912 ਬਲਾਕ ਰਿਸੋਰਸ ਕੋਆਰਡੀਨੇਟਰ ਲਗਾਏ ਜਾਣੇ ਹਨ।

3.0 ਅਕਾਦਮਿਕ ਸਹਾਇਤਾ ਸਮੂਹ ਤਹਿਤ ਜਿਲ੍ਹਾ/ਬਲਾਕ ਰਿਸੋਰਸ ਕੋਆਰਡੀਨੇਟਰ ਦੀ ਚੋਣ ਸਬੰਧੀ ਜਾਰੀ ਕੀਤਾ ਵਿਭਾਗੀ ਨੋਟਿਸ ਨੰ.: SCERT/ Eng/SS/Punjab/2023/2023312544 ਮਿਤੀ 08.11.2023 ਰੱਦ ਕੀਤਾ ਜਾਂਦਾ ਹੈ।

4.0 ਹੁਣ ਬਲਾਕ ਰਿਸੋਰਸ ਕੋਆਰਡੀਨੇਟਰ ਦੀ ਚੋਣ ਕਰਨ ਦਾ ਕੰਮ BRC ਦੀ ਚੋਣ ਲਈ ਤੈਅ ਮਾਪਦੰਡ ਅਨੁਸਾਰ ਜਿਲ੍ਹਾ ਪੱਧਰ ਉੱਤੇ ਕਮੇਟੀ ਬਣਾ ਕੇ ਕੀਤਾ ਜਾਣਾ ਹੈ। ਜਿਸ ਦੀ ਬਣਤਰ ਇਸ ਪ੍ਰਕਾਰ ਹੈ।

| ਬਲਾਕ ਰਿਸੋਰਸ ਕੋਆਰਡੀਨੇਟਰ (ਪ੍ਰਾਇਮਰੀ) ਦੀ ਚੋਣ ਲਈ ਕਮੇਟੀ | ਬਲਾਕ ਰਿਸੋਰਸ ਕੋਆਰਡੀਨੇਟਰ (ਅਪਰ ਪ੍ਰਾਇਮਰੀ) ਦੀ ਚੋਣ ਲਈ ਕਮੇਟੀ |
|---|---|
| 1. ਪ੍ਰਿੰਸੀਪਲ ਡਾਇਟ (ਚੇਅਰਮੈਨ)<br>2. ਜਿਲ੍ਹਾ ਸਿੱਖਿਆ ਅਫਸਰ (ਐਲੀ.ਸਿ.) (ਮੈਂਬਰ ਸਕੱਤਰ)<br>3. ਜਿਲ੍ਹਾ ਰਿਸੋਰਸ ਕੋਆਰਡੀਨੇਟਰ (ਪ) | 1. ਪ੍ਰਿੰਸੀਪਲ ਡਾਇਟ (ਚੇਅਰਮੈਨ)<br>2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) (ਮੈਂਬਰ ਸਕੱਤਰ)<br>3. ਜਿਲ੍ਹਾ ਰਿਸੋਰਸ ਕੋਆਰਡੀਨੇਟਰ (ਅ.ਪ) |

4.1 ਜੇਕਰ ਉਪਰੋਕਤ ਮੈਂਬਰਾਂ ਵਿੱਚੋਂ ਕਿਸੇ ਦੀ ਉਪਲਬਧਤਾ ਨਾ ਹੋਵੇ ਤਾਂ ਉਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ/ਸੈ.ਸਿ) ਨੂੰ ਕਮੇਟੀ ਵਿੱਚ ਮੈਂਬਰ ਲਿਆ ਜਾ ਸਕਦਾ ਹੈ।

4.2 ਉਪਰੋਕਤ ਵੱਲੋਂ ਆਪਸੀ ਸਹਿਮਤੀ ਨਾਲ ਜਿਲ੍ਹੇ ਦੇ ਹਰੇਕ ਬਲਾਕ ਲਈ ਲੋੜੀਂਦੇ ਦੋ ਪ੍ਰਾਇਮਰੀ ਅਤੇ ਦੋ ਅਪਰ ਪ੍ਰਾਇਮਰੀ ਬਲਾਕ ਰਿਸੋਰਸ ਕੋਆਰਡੀਨੇਟਰ ਦੀ ਨਾਲ ਨੱਥੀ **ਅਨੁਲਗ ੳ** ਅਨੁਸਾਰ excel sheet ਪ੍ਰੋਫੋਰਮੇ ਵਿੱਚ ਤਜਵੀਜਤ ਚੋਣ ਸੂਚੀ ਤਿਆਰ ਕਰਕੇ ਮਿਤੀ 24.07.2024 ਤੱਕ ਵਿਭਾਗ ਦੀ ਈ-ਮੇਲ English@punjabeducation.gov.in ਤੇ ਪ੍ਰਵਾਨਗੀ ਲਈ ਡਾਇਰੈਕਟਰ ਐਸਸੀਈਆਰਟੀ ਨੂੰ ਭੇਜੀਆਂ ਜਾਣ।

4.3 ਕਮੇਟੀ ਵੱਲੋਂ ਭੇਜੀ ਗਈ ਤਜਵੀਜਤ ਚੋਣ ਸੂਚੀ ਦੀ ਦਫਤਰ ਐਸਸੀਈਆਰਟੀ ਪੱਧਰ ਤੇ ਸਹਾਇਕ ਡਾਇਰੈਕਟਰ (ਮੈਂਟਰਸ਼ਿਪ) ਵਲੋਂ ਪੜਤਾਲ ਕਰਨ ਉਪਰੰਤ ਅੰਤਿਮ ਫੈਸਲਾ ਡਾਇਰੈਕਟਰ ਐਸਸੀਈਆਰਟੀ ਵਲੋਂ ਲਿਆ ਜਾਣਾ ਹੈ।

5.0 ਕਮੇਟੀ ਬਲਾਕ ਰਿਸੋਰਸ ਕੋਆਰਡੀਨੇਟਰ ਦੀ ਚੋਣ ਕਰਨ ਲਈ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣ।

5.1 ਜਿਨ੍ਹਾ ਅਧਿਆਪਕਾਂ ਨੇ ਬਲਾਕ ਰਿਸੋਰਸ ਕੋਆਰਡੀਨੇਟਰ ਦੀ ਚੋਣ ਲਈ ਆਨਲਾਈਨ ਅਰਜੀਆਂ ਦਿੱਤੀਆਂ ਸਨ ਉਹਨਾਂ ਸਮੇਤ ਹੋਰ ਚਾਹਵਾਨ ਅਧਿਆਪਕ ਜਿਨ੍ਹਾਂ ਨੇ ਪਹਿਲਾਂ ONLINE OR OFFLINE APPLY ਨਹੀਂ ਕੀਤਾ ਹੋਇਆ, ਨੂੰ ਵੀ ਬਲਾਕ ਰਿਸੋਰਸ ਪਰਸਨ ਲਗਾਉਣ ਲਈ ਵਿਚਾਰਿਆ ਜਾ ਸਕਦਾ ਹੈ।

5.2 ਬਲਾਕ ਰਿਸੋਰਸ ਕੋਆਰਡੀਨੇਟਰ ਲੱਗਣ ਦੇ ਚਾਹਵਾਨ ਅਧਿਆਪਕ ਦਾ ਪਰਖ ਸਮਾਂ ਪਾਰ ਹੋਵੇ।

5.3 ਬਲਾਕ ਰਿਸੋਰਸ ਕੋਆਰਡੀਨੇਟਰ ਲੱਗਣ ਦੇ ਚਾਹਵਾਨ ਅਧਿਆਪਕ ਦਾ ਕੰਮ ਕਾਜ ਅਤੇ ਆਚਰਣ ਤਸਲੀ ਬਖਸ਼ ਹੋਣਾ ਚਾਹੀਦਾ ਹੈ।

5.4 ਬਲਾਕ ਰਿਸੋਰਸ ਕੋਆਰਡੀਨੇਟਰ ਲੱਗਣ ਦੇ ਚਾਹਵਾਨ ਅਧਿਆਪਕ ਦਾ ਅਕਸ ਸਾਫ ਸੁਥਰਾ ਹੋਣਾ ਚਾਹੀਦਾ ਹੈ।

5.5 ਬਲਾਕ ਰਿਸੋਰਸ ਕੋਆਰਡੀਨੇਟਰ ਲੱਗਣ ਦੇ ਚਾਹਵਾਨ ਅਧਿਆਪਕ ਕਿਸੇ ਵੀ ਕਾਰਣ ਕਰਕੇ ਵਿਵਾਦਿਤ ਨਾ ਰਿਹਾ ਹੋਵੇ।

5.6 ਬਲਾਕ ਰਿਸੋਰਸ ਕੋਆਰਡੀਨੇਟਰ ਲੱਗਣ ਵਾਲੇ ਅਧਿਆਪਕ ਦੀ ਕੋਈ ਵਿਭਾਗੀ ਪੜਤਾਲ ਬਕਾਇਆ ਨਾ ਹੋਵੇ।

5.7 ਬਲਾਕ ਰਿਸੋਰਸ ਕੋਆਰਡੀਨੇਟਰ ਲੱਗਣ ਵਾਲਾ ਅਧਿਆਪਕ ਪਹਿਲਾਂ ਗੈਰ ਵਿਦਿਅਕ ਕੰਮਾਂ ਵਿੱਚ ਡਿਊਟੀ ਤੇ ਨਾ ਰਿਹਾ ਹੋਵੇ।

5.8 ਬਲਾਕ ਰਿਸੋਰਸ ਕੋਆਰਡੀਨੇਟਰ (ਅਪਰ ਪ੍ਰਾਇਮਰੀ) ਦੀ ਚੋਣ ਕਰਨ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਜਿਲ੍ਹੇ ਲਈ ਕੁੱਲ ਚੁਣੇ ਜਾਣ ਵਾਲੇ ਬਲਾਕ ਰਿਸੋਰਸ ਕੋਆਰਡੀਨੇਟਰ ਵੱਖ ਵੱਖ ਵਿਸ਼ਿਆਂ ਦੇ ਮਾਹਰ ਅਧਿਆਪਕ ਹੋਣ ਭਾਵ ਜਿਲ੍ਹੇ ਲਈ ਕੁੱਲ ਚੁਣੇ ਜਾਣ ਵਾਲੇ ਬਲਾਕ ਰਿਸੋਰਸ ਕੋਆਰਡੀਨੇਟਰ ਸਾਰੇ ਵਿਸ਼ਿਆਂ ਦੀ ਪ੍ਰਤੀਨਿਧਤਾ ਕਰਦੇ ਹੋਣ।

5.9 ਬਲਾਕ ਰਿਸੋਰਸ ਕੋਆਰਡੀਨੇਟਰ ਦੀ ਚੋਣ ਕਰਨ ਸਮੇਂ ਉਸੇ ਬਲਾਕ ਦੇ ਅਧਿਆਪਕ ਨੂੰ ਹੀ ਤਰਜੀਹ ਦਿੱਤੀ ਜਾਵੇ ਜਿਸ ਬਲਾਕ ਲਈ ਨਿਯੁਕਤੀ ਕੀਤੀ ਜਾਣੀ ਹੈ। ਕੇਵਲ ਵਿਸ਼ੇਸ਼ ਹਲਾਤਾਂ ਵਿੱਚ ਜਿਵੇਂ ਕਿ ਕਿਸੇ ਵੀ ਯੋਗ ਅਧਿਆਪਕ ਦੀ ਕਿਸੇ ਬਲਾਕ ਲਈ ਬਲਾਕ ਰਿਸੋਰਸ ਕੋਆਰਡੀਨੇਟਰ ਲਗਣ ਦੀ ਉਪਲਬਧਤਾ ਨਾ ਹੋਣਾ ਆਦਿ ਦੀ ਸਥਿਤੀ ਵਿੱਚ ਹੀ ਦੂਜੇ ਬਲਾਕ ਦਾ ਅਧਿਆਪਕ ਵਿਚਾਰਿਆ ਜਾਵੇ।

5.10 ਬਲਾਕ ਰਿਸੋਰਸ ਕੋਆਰਡੀਨੇਟਰ (ਪ੍ਰਾਇਮਰੀ) ਲਈ ਪ੍ਰਾਇਮਰੀ ਕੇਡਰ ਵਿਚੋਂ ਅਤੇ ਬਲਾਕ ਰਿਸੋਰਸ ਕੋਆਰਡੀਨੇਟਰ (ਅਪਰ ਪ੍ਰਾਇਮਰੀ) ਲਈ ਅਪਰ ਪ੍ਰਾਇਮਰੀ ਕੇਡਰ ਦੇ ਅਧਿਆਪਕਾਂ ਦੀ ਹੀ ਚੋਣ ਕੀਤੀ ਜਾਵੇ।

**ਅਨੁਲਗ ਅ**

ਸੇਵਾ ਵਿਖੇ

ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ

ਜਿਲ੍ਹਾ ..................

**ਵਿਸ਼ਾ: ਅਕਾਦਮਿਕ ਸਹਾਇਤਾ ਸਮੂਹ ਤਹਿਤ ਬਲਾਕ ਰਿਸੋਰਸ ਕੋਆਰਡੀਨੇਟਰ (ਪ੍ਰਾਇਮਰੀ /ਅਪਰ ਪ੍ਰਾਇਮਰੀ) ਲਗਣ ਸਬੰਧੀ।**

ਸ਼੍ਰੀਮਾਨ/ ਸ਼੍ਰੀ ਮਤੀ ਜੀ।

ਬੇਨਤੀ ਹੈ ਕਿ ਮੈਂ ਅਕਾਦਮਿਕ ਸਹਾਇਤਾ ਸਮੂਹ ਤਹਿਤ ਬਲਾਕ.................................... ਵਿੱਚ ਬਲਾਕ ਰਿਸੋਰਸ ਕੋਆਰਡੀਨੇਟਰ (..........................) ਲਗਣ ਦਾ/ਦੀ ਚਾਹਵਾਨ ਹਾਂ। ਮੇਰੇ ਵੇਰਵੇ ਇਸ ਪ੍ਰਕਾਰ ਹਨ:

| | |
|---|---|
| ਅਧਿਆਪਕ ਦਾ ਨਾਂ | |
| ਅਹੁਦਾ | |
| ਵਿਸ਼ਾ ਅਧਿਆਪਕ | |
| ਸਕੂਲ ਦਾ ਨਾਂ | |
| ਬਲਾਕ | |
| ਜਿਲ੍ਹਾ | |
| ਮੋਬਾਇਲ ਨੰ. | |
| ਈ. ਮੇਲ: | |
| ਵਿਦਿਅਕ ਯੋਗਤਾ | |
| ਹੋਰ ਪ੍ਰਾਪਤੀਆਂ (ਜੇਕਰ ਹੋਣ) | |

ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ:

1. ਮੇਰਾ ਪਰਖ ਸਮਾਂ ਪਾਰ ਹੋ ਚੁੱਕਿਆ ਹੈ।
2. ਮੇਰੇ ਵਿਰੁਧ ਕੋਈ ਵੀ ਵਿਭਾਗੀ/ਕਾਨੂੰਨੀ ਕਾਰਵਾਈ ਪੜਤਾਲ ਅਧੀਨ ਨਹੀਂ ਹੈ।
3. ਮੈਨੂੰ ਵਿਭਾਗ ਵਲੋਂ ਕਿਸੇ ਵੀ ਕੇਸ ਵਿੱਚ ਕੱਦੇ ਕੋਈ ਸਜਾ ਨਹੀਂ ਹੋਈ ਹੈ।

ਹਸਤਾਖਰ

ਅਧਿਆਪਕ ਦਾ ਨਾਂ;.................................

ਸਕੂਲ:.................................

6.0 ਬਲਾਕ ਰਿਸੋਰਸ ਕੋਆਰਡੀਨੇਟਰ ਲੱਗਣ ਦੇ ਚਾਹਵਾਨ ਅਧਿਆਪਕ ਆਪਣੀਆਂ ਅਰਜੀਆਂ ਨਵੇਂ ਸਿਰੇ ਤੋਂ ਨਾਲ ਨੱਥੀ ਅਨੁਲਗ ਅ ਅਨੁਸਾਰ ਆਪਣੇ ਜਿਲ੍ਹੇ ਦੇ ਸਬੰਧਤ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਨੂੰ ਦਸਤੀ/ਜਿਲ੍ਹਾ ਰਿਸੋਰਸ ਕੋਆਰਡੀਨੇਟਰ ਜਾਂ ਸੰਸਥਾ ਦੀ email ਰਾਹੀਂ ਦੇ ਸਕਦੇ ਹਨ।

7.0 ਅਕਾਦਮਿਕ ਸਹਾਇਤਾ ਸਮੂਹ ਦੇ ਕੰਮ ਦੀ ਨਿਰਵਿਘਨਤਾ ਲਈ ਚੁਣੇ ਗਏ ਕਿਸੇ ਜਿਲ੍ਹਾ /ਬਲਾਕ ਰਿਸੋਰਸ ਕੋਆਰਡੀਨੇਟਰ ਦਾ ਜੇਕਰ ਕੰਮ ਤਸਲੀਬਖਸ਼ ਨਾ ਹੋਵੇ ਜਾਂ ਕਿਸੇ ਸ਼ਿਕਾਇਤ ਜਾਂ ਕਿਸੇ ਪ੍ਰਸ਼ਾਸਨਿਕ ਕਾਰਣਾਂ ਕਰਕੇ ਕਿਸੇ ਵੀ ਜਿਲ੍ਹਾ/ਬਲਾਕ ਰਿਸੋਰਸ ਕੋਆਰਡੀਨੇਟਰ ਦੀ ਡਿਊਟੀ ਤੋਂ ਕਿਸੇ ਸਮੇਂ ਵੀ ਫਾਰਗ ਕੀਤਾ ਜਾ ਸਕਦਾ ਹੈ।

8.0 ਇਸ ਕੰਮ ਨੂੰ ਪਹਿਲ ਅਗੇਤ ਦਿੱਤੀ ਜਾਵੇ।

(ਕਮਲ ਕਿਸ਼ੋਰ ਯਾਦਵ, ਆਈ.ਏ.ਐਸ)

ਸਕੱਤਰ ਸਕੂਲ ਸਿੱਖਿਆ ,ਪੰਜਾਬ।

ਪਿੱਠਅੰਕਣ ਨੰ: ਉਕਤ ਮਿਤੀ: ਸਾਹਬਜ਼ਾਦਾ ਅਜੀਤ ਸਿੰਘ ਨਗਰ; .07.2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

1. ਨਿ.ਸ./ਮਾਣਯੋਗ ਸਿੱਖਿਆ ਮੰਤਰੀ ਪੰਜਾਬ
2. ਨਿ.ਸ./ਸਕੱਤਰ ਸਕੂਲ ਸਿੱਖਿਆ, ਪੰਜਾਬ
3. ਨਿ.ਸ./ਵਧੀਕ ਸਕੱਤਰ ਸਕੂਲ ਸਿੱਖਿਆ
4. ਨਿ.ਸ./ ਡਾਇਰੈਕਟਰ, ਐਸ.ਸੀ.ਈ.ਆਰ.ਟੀ.
5. ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.) ਪੰਜਾਬ
6. ਡਾਇਰੈਕਟਰ ਸਕੂਲ ਸਿੱਖਿਆ (ਐ.ਸਿ) ਪੰਜਾਬ
7. ਸਮੂਹ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ
8. ਸਮੂਹ ਅਧਿਆਪਕ (ਵਿਭਾਗੀ ਵੈਬਸਾਈਟ ਰਾਹੀਂ)

(ਅਮਨਿੰਦਰ ਕੌਰ, ਪੀ.ਸੀ.ਐਸ.)

ਡਾਇਰੈਕਟਰ, ਐਸ.ਸੀ.ਈ.ਆਰ.ਟੀ.

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ ਸ-6/ 2024/1659 ਮਿਤੀ 19/7/24

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿੱਚ ... ਸਮੂਹ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ... ਦੀ ਇੱਛੁਕ ਚਾਹਵਾਨ ਅਧਿਆਪਕ ਆਪਣੀ ਅਰਜ਼ੀ 21-7-2024 ਸਵੇਰੇ 11:30 ਵਜੇ ਤੱਕ dmengbti@gmail.com ਜਾਂ 9316625622 ਤੇ whatsapp ਰਾਹੀਂ ਭੇਜਣਾ ਯਕੀਨੀ ਬਣਾਉਣ। ਇਸ ਤੋਂ ਬਾਅਦ ਆਈ ਅਰਜ਼ੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

19/7/24

ਅਨੁਲਗ ਅ

ਸੇਵਾ ਵਿਖੇ

ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ

ਜਿਲ੍ਹਾ ...................

**ਵਿਸ਼ਾ: ਅਕਾਦਮਿਕ ਸਹਾਇਤਾ ਸਮੂਹ ਤਹਿਤ ਬਲਾਕ ਰਿਸੋਰਸ ਕੋਆਰਡੀਨੇਟਰ (ਪ੍ਰਾਇਮਰੀ /ਅਪਰ ਪ੍ਰਾਇਮਰੀ) ਲਗਣ ਸਬੰਧੀ।**

ਸ਼੍ਰੀਮਾਨ/ ਸ਼੍ਰੀ ਮਤੀ ਜੀ।

ਬੇਨਤੀ ਹੈ ਕਿ ਮੈਂ ਅਕਾਦਮਿਕ ਸਹਾਇਤਾ ਸਮੂਹ ਤਹਿਤ ਬਲਾਕ.................................... ਵਿੱਚ ਬਲਾਕ ਰਿਸੋਰਸ ਕੋਆਰਡੀਨੇਟਰ (..........................) ਲਗਣ ਦਾ/ਦੀ ਚਾਹਵਾਨ ਹਾਂ। ਮੇਰੇ ਵੇਰਵੇ ਇਸ ਪ੍ਰਕਾਰ ਹਨ:

| | |
|---|---|
| ਅਧਿਆਪਕ ਦਾ ਨਾਂ | |
| ਅਹੁਦਾ | |
| ਵਿਸ਼ਾ ਅਧਿਆਪਕ | |
| ਸਕੂਲ ਦਾ ਨਾਂ | |
| ਬਲਾਕ | |
| ਜਿਲ੍ਹਾ | |
| ਮੋਬਾਇਲ ਨੰ. | |
| ਈ. ਮੇਲ: | |
| ਵਿਦਿਅਕ ਯੋਗਤਾ | |
| ਹੋਰ ਪ੍ਰਾਪਤੀਆਂ (ਜੇਕਰ ਹੋਣ) | |

ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ:

1. ਮੇਰਾ ਪਰਖ ਸਮਾਂ ਪਾਰ ਹੋ ਚੁੱਕਿਆ ਹੈ।
2. ਮੇਰੇ ਵਿਰੁਧ ਕੋਈ ਵੀ ਵਿਭਾਗੀ/ਕਾਨੂੰਨੀ ਕਾਰਵਾਈ ਪੜਤਾਲ ਅਧੀਨ ਨਹੀਂ ਹੈ।
3. ਮੈਨੂੰ ਵਿਭਾਗ ਵਲੋਂ ਕਿਸੇ ਵੀ ਕੇਸ ਵਿੱਚ ਕੱਦੇ ਕੋਈ ਸਜਾ ਨਹੀਂ ਹੋਈ ਹੈ।

ਹਸਤਾਖਰ

ਅਧਿਆਪਕ ਦਾ ਨਾਂ:...............................

ਸਕੂਲ:...............................